## ਸਰਕਾਰੀ ਮੈਡੀਕਲ ਕਾਲਜ ਪਟਿਆਲਾ

ਨੰ:1(4022)ਈ1/2025/ 23101 ਮਿਤੀ- 19/6/25

**ਦਫਤਰੀ ਹੁਕਮ**

Dr. Sanskriti D/o Sh. Suresh Sharma ਜਿਸ ਵੱਲੋਂ ਨਵੰਬਰ/ਦਸੰਬਰ-2024 ਦੀਆਂ ਪ੍ਰੀਖਿਆਵਾਂ ਵਿਚ ਐਮ.ਐਸ ਅਨਾਟਮੀ ਦੀ ਪ੍ਰੀਖਿਆ ਪਾਸ ਕੀਤੀ ਗਈ ਹੈ ਨੂੰ ਉਸ ਵੱਲੋਂ ਆਲ ਇੰਡੀਆ ਕੋਟੇ ਅਧੀਨ ਪੀ.ਜੀ ਕੋਰਸ ਦੌਰਾਨ ਭਰੇ ਗਏ ਸ਼ਿਓਰਟੀ ਬਾਂਡ ਦੀਆਂ ਸ਼ਰਤਾਂ ਅਤੇ ਸਰਕਾਰ ਦੀ ਨੋਟੀਫਿਕੇਸ਼ਨ ਨੰ: 1/70/2008-2ਐਚਬੀ3(ਪੀਐਫ-1)/2268 ਮਿਤੀ 23.08.2022 ਦੀਆਂ ਹਦਾਇਤਾਂ ਅਨੁਸਾਰ ਇਸ ਦਫਤਰੀ ਹੁਕਮ ਰਾਹੀਂ ਸਬੰਧਤ ਡਾਕਟਰ ਨੂੰ ਅਨਾਟਮੀ ਵਿਭਾਗ ਵਿਚ 01 ਸਾਲ ਲਈ ਕੈਟਾਗਰੀ-6 ਅਧੀਨ ਸੀਨੀਅਰ ਰੈਜੀਡੈਂਸੀ ਕਰਨ ਲਈ ਨਿਯੁਕਤ ਕੀਤਾ ਜਾਂਦਾ ਹੈ। ਇਹ ਨਿਯੁਕਤੀ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਹੋਵੇਗੀ।

(1) ਸੀਨੀਅਰ ਰੈਜੀਡੈਂਸੀ ਲਈ ਚੁਣੇ ਗਏ ਸੀਨੀਅਰ ਰੈਜੀਡੈਂਟ ਡਾਕਟਰ ਦੀ ਚੋਣ ਦੇ ਹੁਕਮ ਇਸ ਸੰਸਥਾ ਦੀ ਵੈਬ ਸਾਈਟ (www.gmcpatiala.edu.in) ਤੇ Upload ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ ਇਸ ਸੰਸਥਾ ਦੇ ਦਫਤਰ ਵਿਖੇ ਹਾਜਰੀ ਰਿਪੋਰਟ ਪੇਸ਼ ਕਰਨਗੇ ਅਤੇ ਜੁਆਇਨਿੰਗ ਸਮਾਂ ਪੂਰਾ ਹੋਣ ਉਪਰੰਤ ਜੁਆਇਨਿੰਗ ਸਮੇ ਵਿਚ ਕਿਸੇ ਵੀ ਤਰ੍ਹਾਂ ਦੇ ਵਾਧੇ ਦੀ ਮੰਗ ਨਹੀਂ ਕਰਨਗੇ।

(2) ਚੁਣੇ ਗਏ ਉਮੀਦਵਾਰ ਤੇ ਸਰਕਾਰ ਦੀ ਨੋਟੀਫਿਕੇਸ਼ਨ ਨੰ: 1/70/2008-2ਐਚਬੀ3(ਪੀਐਫ-1)/2268 ਮਿਤੀ 23.08.2022 ਅਤੇ ਨੋਟੀਫਿਕੇਸ਼ਨ ਮੀਮੋ ਨੰ: ਐਮ.ਈ.ਆਰ-ਐਚ.ਟੀ.ਐਚ 307ਏ/125/2021-6 ਐਚ.ਬੀ3/2327-32 ਮਿਤੀ 26.08.2022 ਵਿਚ ਦਰਸਾਈਆਂ ਸ਼ਰਤਾਂ/ਨਿਯਮ ਲਾਗੂ ਹੋਣਗੇ।

(3) ਉਮੀਦਵਾਰ ਨੂੰ ਡਾਕੂਮੈਂਟਸ ਵੈਰੀਫਿਕੇਸ਼ਨ/ਯੋਗਤਾ ਚੈਕ ਕਰਨ ਉਪਰੰਤ ਹੀ ਜੁਆਇੰਨ ਕਰਵਾਇਆ ਜਾਵੇਗਾ ਜੇਕਰ ਕਿਸੇ ਉਮੀਦਵਾਰ ਦੇ ਦਸਤਾਵੇਜ਼ ਗਲਤ ਪਾਏ ਜਾਂਦੇ ਹਨ ਜਾਂ ਸੀਨੀਅਰ ਰੈਜੀਡੈਂਸੀ ਦੀ ਯੋਗਤਾ ਪੂਰੀ ਨਹੀਂ ਹੁੰਦੀ ਤਾਂ ਉਸ ਉਮੀਦਵਾਰ ਦੀ ਚੋਣ ਰੱਦ ਸਮਝੀ ਜਾਵੇਗੀ।

(4) ਚੁਣੇ ਗਏ ਉਮੀਦਵਾਰ ਦੀ ਜਿਸ ਵਿਭਾਗ ਵਿਚ ਸੀਨੀਅਰ ਰੈਜੀਡੈਂਟ ਚੋਣ ਕੀਤੀ ਗਈ ਹੈ ਉਹ ਅੰਤਿਮ ਹੋਵੇਗੀ।

(5) ਉਮੀਦਵਾਰ ਜਿਹਨਾਂ ਵੱਲੋਂ ਆਪਣੇ ਪੀ.ਜੀ ਦਾਖਲੇ ਸਮੇ ਪੀ.ਜੀ ਕੋਰਸ ਉਪਰੰਤ ਸਰਕਾਰ ਦੀ 1/2 ਸਾਲ ਦੀ ਸੇਵਾ ਕਰਨ ਹਿੱਤ ਸ਼ਿਓਰਟੀ ਬਾਂਡ ਭਰਿਆ ਗਿਆ ਸੀ। ਇਹਨਾਂ ਉਮੀਦਵਾਰਾਂ ਤੇ ਭਰੇ ਗਏ ਸ਼ਿਓਰਟੀ ਬਾਂਡ ਦੀਆਂ ਸ਼ਰਤਾ ਲਾਗੂ ਹੋਣਗੀਆਂ। ਇਸ ਲਈ ਜੇਕਰ ਸ਼ਿਓਰਟੀ ਬਾਂਡ ਦੀਆਂ ਸ਼ਰਤਾਂ ਅਨੁਸਾਰ ਕਿਸੇ ਵੀ ਉਮੀਦਵਾਰ ਵੱਲੋਂ ਆਪਣੀ ਹਾਜਰੀ ਰਿਪੋਰਟ ਇਸ ਸੰਸਥਾ ਵਿਖੇ ਪੇਸ਼ ਨਹੀਂ ਕੀਤੀ ਜਾਂਦੀ ਹੈ ਜਾਂ ਹਾਜਰ ਹੋਣ ਉਪਰੰਤ ਆਪਣੇ ਟੇਨਿਓਰ (01 ਜਾਂ 02 ਸਾਲ) ਤੋਂ ਪਹਿਲਾਂ ਸੀਨੀਅਰ ਰੈਜੀਡੈਂਸੀ ਛੱਡੀ ਜਾਂਦੀ ਹੈ ਤਾਂ ਸ਼ਿਓਰਟੀ ਬਾਂਡ ਦੀਆਂ ਸ਼ਰਤਾਂ ਅਤੇ ਸਰਕਾਰ ਦੀ ਨੋਟੀਫਿਕੇਸ਼ਨ ਮਿਤੀ 23.08.2022 ਅਨੁਸਾਰ ਬਾਂਡ ਮਨੀ ਭਰਨ ਦੇ ਪਾਬੰਦ ਹੋਣਗੇ।

ਡਾਇਰੈਕਟਰ ਪ੍ਰਿੰਸੀਪਲ,
ਸਰਕਾਰੀ ਮੈਡੀਕਲ ਕਾਲਜ, ਪਟਿਆਲਾ

ਵਿਕਰਮ ਸਿੰਘ ਸੀਨੀਅਰ ਸਹਾਇਕ
ਕਲਰਕ
ਮਿਤੀ 19/6/25

ਪਿੱ:ਅੰ:ਨੰ:1(4022)ਈ1/2025/ 23102- 23120
ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਾਨਯੋਗ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, ਚੰਡੀਗੜ੍ਹ।
2. ਮਾਨਯੋਗ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ, ਖੋਜ ਤੇ ਮੈਡੀਕਲ ਸਿੱਖਿਆ, ਪੰਜਾਬ, ਐਸ.ਏ.ਐਸ.ਨਗਰ (ਮੋਹਾਲੀ)।
4. ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
5. ਡਾਇਰੈਕਟਰ, ਨੈਸ਼ਨਲ ਹੈਲਥ ਮਿਸ਼ਨ, ਪੰਜਾਬ, ਚੰਡੀਗੜ੍ਹ।
6. ਡਾਇਰੈਕਟਰ, ਰੂਰਲ ਡਿਵੈਲਪਮੈਂਟ ਅਤੇ ਪੰਚਾਇਤ, ਮੋਹਾਲੀ।
7. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ।
8. ਰਜਿਸਟਰਾਰ, ਬਾਬਾ ਫਰੀਦ ਯੂਨਿਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ।
9. ਡਾਇਰੈਕਟਰ ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ।
10. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਸਰਕਾਰੀ ਮੈਡੀਕਲ ਕਾਲਜ, ਪਟਿਆਲਾ।
11. ਇਸ ਸੰਸਥਾ ਦੇ ਅਨਾਟਮੀ ਵਿਭਾਗ ਦੇ ਪ੍ਰੋਫੈਸਰ ਤੇ ਮੁੱਖੀ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਪਰੋਕਤ ਚੁਣੇ ਗਏ ਉਮੀਦਵਾਰ ਨੂੰ ਸਿੱਧੇ ਤੋਰ ਤੇ ਬਤੌਰ ਸੀਨੀਅਰ ਰੈਜੀਡੈਂਟ ਹਾਜਰ ਨਾ ਕਰਵਾਇਆ ਜਾਵੇ।
12. ਪ੍ਰੋਫੈਸਰ ਤੇ ਮੁੱਖੀ ਕਮ ਚੇਅਰਮੈਨ ਮੈਡੀਕਲ ਬੋਰਡ, ਅਨਾਟਮੀ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
13. ਸੀਨੀਅਰ ਰੈਜੀਡੈਂਸੀ ਲਈ ਚੁਣੇ ਗਏ ਉਪਰੋਕਤ ਡਾਕਟਰ ਨੂੰ ਇਹ ਹੁਕਮ ਉਹਨਾਂ ਦੀ ਈ.ਮੇਲ ਪਤੇ ਤੇ ਭੇਜੇ ਜਾਂਦੇ ਹਨ।

ਡਾਇਰੈਕਟਰ ਪ੍ਰਿੰਸੀਪਲ,
ਸਰਕਾਰੀ ਮੈਡੀਕਲ ਕਾਲਜ, ਪਟਿਆਲਾ

ਵਿਕਰਮ ਸਿੰਘ ਸੀਨੀਅਰ ਸਹਾਇਕ
ਕਲਰਕ
19/6/25